# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

## (ਦਫਤਰ: ਮੁੱਖ ਪ੍ਰਬੰਧਕੀ/ ਪੈਨਸ਼ਨ ਮੋਬਾਈਲ-2, ਪਟਿਆਲਾ)

ਵੱਲ

1) ਸਾਰੇ ਇੰਜੀ:ਇਨ ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ ਅਧੀਨ ਪੰ:ਰਾ:ਪਾ:ਕਾ:ਲਿਮਟਿਡ/ ਪੰ:ਰਾ:ਟ:ਕਾ:ਲਿਮਟਿਡ।
2) ਸਾਰੇ ਉਪ ਮੁੱਖ ਇੰਜੀ:/ਨਿਗਰਾਨ ਇੰਜੀ: ਅਧੀਨ ਪੰ:ਰਾ:ਪਾ:ਕਾ:ਲਿਮਟਿਡ/ ਪੰ:ਰਾ:ਟ:ਕਾ:ਲਿਮਟਿਡ।
3) ਸਾਰੇ ਮੁੱਖ ਲੇਖਾ ਅਫਸਰ/ਮੁੱਖ ਕਾਸਟ ਕੰਟਰੋਲਰ/ਮੁੱਖ ਪੜਤਾਲਕਾਰ/ਵਿੱਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ/ਉਪ ਮੁੱਖ ਪੜਤਾਲਕਾਰ/ਉਪ ਵਿੱਤ ਸਲਾਹਕਾਰ ਅਤੇ ਲੇਖਾ ਅਫਸਰ/ਪ੍ਰੀ-ਆਡਿਟ।
4) ਸਾਰੇ ਵਧੀਕ ਨਿਗ: ਇੰਜੀ:/ਸੀਨੀ:ਕਾ:ਕਾ: ਇੰਜੀਨੀਅਰ ਅਧੀਨ ਪੰ:ਰਾ:ਪਾ:ਕਾ:ਲਿਮ:/ ਪੰ:ਰਾ:ਟ:ਕਾ:ਲਿਮ:।
5) ਸਾਰੇ ਵਿਭਾਗਾਂ ਦੇ ਮੁਖੀ ਅਤੇ ਸੁਪਰਡੈਂਟ ਮੰਡਲ (ਲੇਖਾ) ਫੀਲਡ ।

ਮੀਮੋ ਨੰ: 3919/5169 /ਪੈਨਸ਼ਨ ਮੋਬਾਈਲ
ਮਿਤੀ: 25 /11/2013.

**ਵਿਸ਼ਾ: ਰਿਟਾਇਰ ਹੋਣ ਵਾਲੇ ਕਰਮਚਾਰੀਆਂ ਦੀਆਂ ਵਰਕਚਾਰਜ ਸਮੇਂ ਦੀਆਂ ਸੇਵਾ ਪੱਤਰੀਆਂ ਰੈਗੂਲਰ ਸਮੇਂ ਦੀ ਸੇਵਾ ਪੱਤਰੀ ਨਾਲ ਭੇਜਣ ਸਬੰਧੀ।**

ਹਵਾਲਾ: ਇਸ ਦਫਤਰ ਦੇ ਮੀਮੋ ਨੰ: 17014/17814 ਮਿਤੀ 21.3.2013 ਦੀ ਲਗਾਤਾਰਤਾ ਵਿੱਚ।

ਇਸ ਦਫਤਰ ਵੱਲੋਂ ਜਾਰੀ ਹਵਾਲੇ ਅਧੀਨ ਪੱਤਰ ਰਾਹੀਂ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਰਿਟਾਇਰ ਹੋਣ ਵਾਲੇ ਕਰਮਚਾਰੀਆਂ ਦਾ ਪੈਨਸ਼ਨ ਕੇਸ ਭੇਜਣ ਸਮੇ ਜਿਹੜੇ ਕਰਮਚਾਰੀ ਡੇਲੀਵੇਜ਼ ਜਾਂ ਵਰਕਚਾਰਜ ਤੋਂ ਪ੍ਰਮੋਟ ਹੁੰਦੇ ਹਨ, ਬੇਸ਼ੱਕ ਉਸ ਨੇ ਵਰਕਚਾਰਜ ਸਮੇ ਦਾ ਲਾਭ ਲੈਣਾ ਹੋਵੇ ਜਾਂ ਨਹੀ ਪਰ ਉਸਦੀ ਡੇਲੀਵੇਜ਼ ਜਾਂ ਵਰਕਚਾਰਜ ਸਮੇ ਦੀ ਸੇਵਾਪੱਤਰੀ, ਰੈਗੂਲਰ ਸਮੇ ਦੀ ਸੇਵਾ ਪੱਤਰੀ ਨਾਲ ਭੇਜੀ ਜਾਵੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਮਲਾ ਪ੍ਰਸਾਸ਼ਨ ਵੱਲੋਂ ਮੁੜ ਤੋਂ ਵਿਚਾਰਦੇ ਹੋਏ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਹੈ:-

> "ਜਿੰਨ੍ਹਾਂ ਕਰਮਚਾਰੀਆਂ ਨੇ 25 ਸਾਲ ਦੀ ਕੁਆਲੀਫਾਇੰਗ ਸਰਵਿਸ ਪੂਰੀ ਕਰ ਲਈ ਹੈ, ਉਨ੍ਹਾਂ ਦੇ ਪੈਨਸ਼ਨ ਕੇਸ ਵਰਕਚਾਰਜ ਸਮੇਂ ਦੀ ਸੇਵਾ-ਪੱਤਰੀ ਤੋਂ ਬਿਨਾ ਇਸ ਸ਼ਰਤ ਤੇ ਵਿਚਾਰ ਲਏ ਜਾਣ ਕਿ ਉਨ੍ਹਾਂ ਵੱਲੋਂ ਕੁਆਲੀਫਾਇੰਗ ਸੇਵਾ ਦੀ ਗਰੈਚੁਟੀ ਲੈਣ ਅਤੇ ਵਰਕਚਾਰਜ ਸਮੇਂ ਦੀ ਕੀਤੀ ਗਈ ਸੇਵਾ ਦਾ ਲਾਭ ਨਾ ਲੈਣ/ਕੋਰਟ ਕੇਸ ਆਦਿ ਨਾ ਕਰਨ ਸਬੰਧੀ ਫਸਟ ਕਲਾਸ ਮੈਜਿਸਟਰੇਟ ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਪ੍ਰਾਪਤ ਕਰਕੇ ਪੈਨਸ਼ਨ ਕੇਸ ਨਾਲ ਭੇਜਿਆ ਜਾਵੇ।"

ਇਹ ਮਾਨਯੋਗ ਸੀ.ਐਮ.ਡੀ. ਸਾਹਿਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

(signature)
ਉਪ ਸਕੱਤਰ/ਪੀ ਤੇ ਆਰ,
ਪੰ:ਰਾ:ਪਾ:ਕਾ:ਲਿ:, ਪਟਿਆਲਾ।

ਸੀ.ਸੀ.

5170/75
25-11-13

1) ਸੀਨੀ:ਪੀ ਐਸ ਟੂ ਓ ਐਸ ਡੀ ਟੂ ਸੀ.ਐਮ.ਡੀ. ਪੰ:ਰਾ:ਪਾ:ਕਾ:ਲਿ:/ਪੰ:ਰਾ:ਟ:ਕਾ:ਲਿ:, ਪਟਿਆਲਾ।
2) ਪੀ ਐਸ ਟੂ ਡਾਇਰੈਕਟਰ/ਪ੍ਰਬੰਧਕੀ, ਪੰ:ਰਾ:ਪਾ:ਕਾ:ਲਿ:, ਪਟਿਆਲਾ।
3) ਉਪ ਸਕੱਤਰ ਟੂ ਮੁੱਖ/ਪ੍ਰਬੰਧਕੀ ਤੇ ਆਈ.ਆਰ., ਪੰ:ਰਾ:ਪਾ:ਕਾ:ਲਿ:, ਪਟਿਆਲਾ।
4) ਸੀਨੀ:ਪੀ ਐਸ ਟੂ ਉਪ ਮੁੱਖ ਇੰਜੀ:/ਪ੍ਰਸੋਨਲ, ਪੰ:ਰਾ:ਪਾ:ਕਾ:ਲਿ:, ਪਟਿਆਲਾ।
5) ਸ:ਸ: ਟੂ ਉਪ ਸਕੱਤਰ/ਪੀ ਤੇ ਆਰ, ਪੰ:ਰਾ:ਪਾ:ਕਾ:ਲਿ:, ਪਟਿਆਲਾ।

# ਹਲਫੀਆ ਬਿਆਨ

ਨੋਟ:- (ਇਹ ਹਲਫੀਆ ਬਿਆਨ ਫਸਟ ਕਲਾਸ ਮੈਜਿਸਟ੍ਰੇਟ ਤੋਂ ਤਸਦੀਕਸ਼ੁਦਾ ਹੋਣਾ ਚਾਹੀਦਾ ਹੈ)

ਮੈਂ, ਸ੍ਰੀ/ਸ੍ਰੀਮਤੀ.........................................................ਪੁੱਤਰ/ਪੁੱਤਰੀ/ਪਤਨੀ ਸ੍ਰੀ..................................ਜੋਕਿ ..................................................(ਦਫਤਰ ਦਾ ਨਾਮ) ਵਿਖੇ ਬਤੌਰ ........................ਕੰਮ ਕਰਦਾ ਸੀ ਅਤੇ ਮਿਤੀ ........................ਨੂੰ ਪੀ ਐਸ ਪੀ ਸੀ ਐਲ / ਪੀ ਐਸ ਟੀ ਸੀ ਐਲ ਦੀਆਂ ਸੇਵਾਵਾਂ ਤੋਂ ਸੇਵਾ ਨਿਵਰਿਤ ਹੋਇਆ ਹਾਂ। ਮੈਂ ਉਪ ਸਕੱਤਰ/ਪੀ ਤੇ ਆਰ ਦੇ ਮੀਮੋ ਨੰ:3919/5169 ਮਿਤੀ 25-11-2013 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਹੇਠ ਲਿਖੇ ਅਨੁਸਾਰ ਹਲਫ ਨਾਲ ਬਿਆਨ ਕਰਦਾ/ਕਰਦੀ ਹਾਂ ਕਿ:-

1) ਮੈਂ ਪੀ ਐਸ ਪੀ ਸੀ ਐਲ/ਪੀ ਐਸ ਟੀ ਸੀ ਐਲ ਵਿਚ 25 ਸਾਲ / 25 ਸਾਲ ਤੋਂ ਵੱਧ ਦੀ ਲੋੜੀਂਦੀ ਕਾਇਮ ਮੁਕਾਮ ਕੁਆਲੀਫਾਇੰਗ ਸਰਵਿਸ ਬਤੌਰ ...............(ਅਹੁਦਾ) ਰੈਗੂਲਰ ਤੌਰ ਤੇ ਪੂਰੀ ਕਰ ਲਈ ਹੈ।

2) ਮੈਂ ਆਪਣੀ 25 ਸਾਲ /25 ਸਾਲ ਤੋਂ ਵੱਧ ਦੀ ਬਤੌਰ .............. ਕੀਤੀ ਗਈ ਸੇਵਾ ਦੇ ਪੈਨਸ਼ਨਰੀ ਲਾਭ ਵਰਕਚਾਰਜ ਸਮੇਂ ਦੇ ਲਾਭ ਤੋਂ ਬਿਨਾਂ ਅਤੇ ਈ.ਪੀ.ਐਫ. ਜਮਾਂ ਕਰਵਾਏ ਬਗੈਰ ਲੈਣਾ ਚਾਹੁੰਦਾ/ਚਾਹੁੰਦੀ ਹਾਂ।

3) ਮੈਂ ਭਵਿੱਖ ਵਿੱਚ ਆਪਣੇ ਵਰਕਚਾਰਜ ਸਮੇਂ ਦੀ ਕੀਤੀ ਗਈ ਸੇਵਾ ਦੇ ਪੈਨਸ਼ਨਰੀ ਲਾਭਾਂ ਦੀ ਮੰਗ ਨਹੀਂ ਕਰਾਂਗਾ/ਕਰਾਂਗੀ।

4) ਮੇਰੀ ਵਰਕਚਾਰਜ ਸਮੇਂ ਦੀ ਸੇਵਾ ਪੱਤਰੀ ਉਪਲਬਧ ਨਾ ਹੋਣ ਕਾਰਨ ਵਰਕਚਾਰਜ ਦੀ ਸੇਵਾ ਤੋਂ ਬਿਨਾਂ ਮੇਰੇ ਬਣਦੇ ਪੈਨਸ਼ਨਰੀ ਲਾਭ ਜਾਰੀ ਕਰ ਦਿੱਤੇ ਜਾਣ ਅਤੇ ਮੇਰਾ ਰੈਗੂਲਰ ਸਮੇਂ ਦੀ ਸੇਵਾ ਦਾ ਪੈਨਸ਼ਨ ਕੇਸ ਵਰਕਚਾਰਜ ਸਮੇਂ ਦੀ ਸੇਵਾ-ਪੱਤਰੀ ਤੋਂ ਬਿਨਾਂ ਵਿਚਾਰਿਆ ਜਾਵੇ।

5) ਜੇਕਰ ਮਹਿਕਮੇ ਵਲੋਂ ਮੈਨੂੰ ਰੈਗੂਲਰ ਸਮੇਂ ਦੀ ਸੇਵਾ ਦੇ ਪੈਨਸ਼ਨਰੀ ਲਾਭ ਜਾਰੀ ਕਰ ਦਿੱਤੇ ਜਾਂਦੇ ਹਨ ਤਾਂ ਮੈਂ ਪਹਿਲਾਂ ਬੋਰਡ ਹੁਣ ਪੀ ਐਸ ਪੀ ਸੀ ਐਲ/ਪੀ ਐਸ ਟੀ ਸੀ ਐਲ ਵਿਚ ਕੀਤੀ ਗਈ ਵਰਕਚਾਰਜ ਸਮੇਂ ਦੀ ਸੇਵਾ ਦੇ ਪੈਨਸ਼ਨਰੀ ਲਾਭ ਲੈਣ ਲਈ ਕਿਸੇ ਵੀ ਕੋਰਟ ਵਿਚ ਕੋਰਟ ਕੇਸ / ਅਪੀਲ / ਹੋਰ ਕੋਈ ਦਰਖਾਸਤ ਆਦਿ ਨਹੀਂ ਕਰਾਂਗਾ/ਕਰਾਂਗੀ।

**ਬਿਆਨਕਾਰ**

**ਤਸਦੀਕ**

ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਉਪਰੋਕਤ ਦਿੱਤੇ ਗਏ ਬਿਆਨ ਸਹੀ ਵਾ ਦਰੁਸਤ ਹਨ। ਮੈਂ ਇਸ ਵਿੱਚ ਕੁਝ ਵੀ ਲੁਕਾ-ਛੁਪਾ ਕੇ ਜਾਂ ਗਲਤ ਬਿਆਨ ਨਹੀਂ ਕੀਤਾ।

ਮਿਤੀ:- **ਬਿਆਨਕਾਰ**